## ਉਹ ਪੰਜ ਚੀਜ਼ਾ ਜੋ ਤੁਸੀਂ ਪਾਣੀ ਦੇ ਸਰੋਤਾਂ ਨੂੰ ਬਚਾਉਣ ਵਿੱਚ ਮਦਦ ਕਰਨ ਲਈ ਕਰ ਸਕਦੇ ਹੋ

ਸਾਡੀਆਂ ਨਹਿਰਾਂ ਅਤੇ ਦਰਿਆ ਵਿੱਚ ਦਾਖਲ ਹੋਣ ਤੋਂ ਪਹਿਲਾਂ ਤੂਫਾਨੀ ਪਾਣੀ ਨੂੰ ਬਹੁਤ ਘੱਟ ਟਰੀਟਮੈਂਟ ਮਿਲਦਾ ਹੈ। ਘਰ ਵਿੱਚ ਚੁੱਕੇ ਗਏ ਕੁਝ ਕਦਮ ਤੁਹਾਡੇ ਕਮਿਊਨਿਟੀ ਦੇ ਤੂਫਾਨ ਦੇ ਤਲਾਬਾਂ ਵਿੱਚ ਅਤੇ ਸਾਡੇ ਵਾਤਾਵਰਨ ਵਿੱਚ ਪਾਣੀ ਦੀ ਗੁਣਵੱਤਾ ਵਿੱਚ ਫਰਕ ਪਾ ਸਕਦੇ ਹਨ।



- ਡਾਊਨਸਪਾਉਟਸ ਨੂੰ ਲਾਨ ਅਤੇ ਬਾਗਾਂ ਵੱਲ ਦਿਸ਼ਾ ਦਿਓ ਜਾਂ ਬਾਰਸ਼ ਬੈਰਲ ਦੀ ਵਰਤੋਂ ਕਰੋ।




- ਖਾਦਾਂ ਅਤੇ ਕੀਟਨਾਸ਼ਕਾਂ ਦੀ ਸੀਮਿਤ ਵਰਤੋਂ ਕਰੋ।



- ਆਪਣੇ ਗਰਾਜ ਅਤੇ ਡ੍ਰਾਈਵਵੇਅ ਨੂੰ ਧੋਣ ਲਈ ਇੱਕ ਹੋਜ਼ ਦੀ ਵਰਤੋਂ ਕਰਨ ਦੀ ਬਜਾਏ ਪੋਚਾ ਲਗਾਓ।



- ਆਪਣੇ ਵਾਹਨ ਨੂੰ ਆਪਣੇ ਡ੍ਰਾਈਵਵੇਅ ਤੇ ਧੋਣ ਦੀ ਬਜਾਏ ਕਾਰ ਵਾਸ਼ ਤੇ ਧੋਵੋ।



- ਆਪਣੇ ਪਾਲਤੂ ਜਾਨਵਰ ਨੂੰ ਘਰ ਅਤੇ ਹੋਰ ਥਾਂਵਾਂ ਤੇ ਲੈ ਜਾਓ।

## ਉਪਯੋਗੀ ਲਿੰਕ:

ਕੈਲਗਰੀ ਵਿੱਚ ਕੂੜਾ-ਕਰਕਟ ਦੇ ਸਹੀ ਨਿਪਟਾਰੇ ਲਈ ਤਿੰਨ ਲੈਂਡਫਿਲ ਹਨ:

**ਪੂਰਬੀ ਕੈਲਗਰੀ ਲੈਂਡਫਿਲ**
3801 - 68th St. S.E.

**ਸ਼ੈਪਰਡ ਲੈਂਡਫ਼ਿਲ**
12111 - 68th St. S.E.

**ਸਪਾਈਹਿਲ ਲੈਂਡਫ਼ਿਲ**
11808 - 69th St.t N.W.

ਕਿਸੇ ਚੀਜ਼ ਦੀ ਸਹੀ ਰੀਸਈਕਲਿੰਗ ਜਾਂ ਨਿਪਟਾਰੇ ਬਾਰੇ ਜਾਣਨ ਲਈ **calgary.ca/whatgoeswhere** ਤੇ ਜਾਓ।

ਕੈਲਗਰੀ ਵਿੱਚ ਬਾਹਰੀ ਸਕੇਟਿੰਗ ਰਿੰਕਸ ਦੀ ਸੂਚੀ ਲਈ **calgary.ca/CSPS/Parks/Pages/Locations/Outdoor-skating-rinks.aspx** ਤੇ ਜਾਓ। ਹੋਰ ਸਾਰੇ ਕੈਲਗਰੀ ਸ਼ਹਿਰ ਦੇ ਮਨੋਰੰਜਨ ਪ੍ਰੋਗਰਾਮਾਂ ਲਈ **calgary.ca/recreation** ਤੇ ਜਾਓ।

ਕੈਲਗਰੀ ਵਿੱਚ ਅਤੇ ਉਸ ਦੇ ਆਲੇ-ਦੁਆਲੇ ਮੱਛੀ ਫੜਨ ਬਾਰੇ ਜਾਣਕਾਰੀ ਲਈ **www.albertafishingguide.com** ਤੇ ਜਾਓ। ਆਪਣੀਆਂ ਸਾਰੀਆਂ ਗੈਰ-ਮੋਟਰਾਈਜ਼ਡ ਬੋਟਿੰਗ ਲੋੜਾਂ (ਕੈਨੋਇੰਗ ਅਤੇ ਸੇਲਿੰਗ ਆਦਿ) ਲਈ ਗਲੇਨਮੋਰ ਰਿਜ਼ਰਵਾਏਅਰ ਤੇ ਜਾਓ।
ਵਧੇਰੇ ਜਾਣਕਾਰੀ ਲਈ **calgary.ca** ਤੇ ਜਾਓ।

ਕੈਲਗਰੀ ਦੇ ਤੂਫਾਨ ਦੇ ਤਲਾਬਾਂ ਦਾ ਪ੍ਰਬੰਧਨ ਕੈਲਗਰੀ ਸਿਟੀ ਦੁਆਰਾ ਕੀਤਾ ਜਾਂਦਾ ਹੈ ਅਤੇ ਜੰਗਲੀ ਬੂਟੀ, ਐਲਗੀ ਅਤੇ ਤਲਛਟ ਦੇ ਇੱਕਠ ਦੇ ਨਿਯੰਤ੍ਰਣ ਲਈ ਰੱਖ-ਰਖਾਓ ਦੇ ਅਧੀਨ ਰੱਖਿਆ ਜਾਂਦਾ ਹੈ।

ਕਿਸੇ ਵੀ ਮੁੱਦੇ ਅਤੇ ਚਿੰਤਾਵਾਂ ਲਈ **311 ਨਾਲ ਸੰਪਰਕ** ਕਰੋ ਅਤੇ ਇਸ ਬਾਰੇ ਹੋਰ ਜਾਣਕਾਰੀ ਲਈ ਕਿ ਸ਼ਹਿਰ ਦੁਆਰਾ ਤੂਫਾਨ ਦੇ ਤਲਾਬਾਂ ਦਾ ਪ੍ਰਬੰਧਨ ਕਿਵੇਂ ਕੀਤਾ ਜਾਂਦਾ ਹੈ, **calgary.ca** ਤੇ ਜਾਓ।

19-0018681

Calgary

# ਤੂਫ਼ਾਨੀ ਤਲਾਬ ਕੀ ਹੈ?

ਤੂਫਾਨੀ ਤਲਾਬ, ਤਲਛਟ, ਖਾਦ, ਕੀੜੇਮਾਰ ਦਵਾਈਆਂ ਅਤੇ ਹੋਰ ਪ੍ਰਦੂਸ਼ਕਾਂ ਨੂੰ ਹਟਾ ਕੇ ਸਾਡੀ ਨਦੀਆਂ ਦੀ ਰੱਖਿਆ ਕਰਦੇ ਹਨ, ਅਤੇ ਨਾਲ ਹੀ ਸਾਡੇ ਸਮੁਦਾਏ ਨੂੰ ਹੜ੍ਹ ਤੋਂ ਬਚਾਉਂਦੇ ਵੀ ਹਨ।



## ਇਹ ਤੂਫਾਨੀ ਪਾਣੀ ਨਾਲ ਸ਼ੁਰੂ ਹੁੰਦਾ ਹੈ

ਜਦੋਂ ਮੀਂਹ ਪੈਂਦਾ ਹੈ ਅਤੇ ਜਦੋਂ ਬਰਫ਼ ਪਿਘਲਦੀ ਹੈ, ਤਾਂ ਪਾਣੀ ਸਾਡੀਆਂ ਛੱਤਾਂ, ਡ੍ਰਾਈਵਵੇਜ਼, ਲਾਨ, ਸੜਕਾਂ ਅਤੇ ਸਾਈਡਵਾਕ ਤੋਂ ਵਹਿੰਦਾ ਹੈ। ਇਹ ਤੂਫਾਨੀ ਪਾਣੀ ਤੁਹਾਡੇ ਘਰ ਅਤੇ ਆਪਣੇ ਸਮੁਦਾਏ ਤੋਂ ਹੁੰਦੇ ਹੋਏ, ਗੰਦ, ਬੱਜਰੀ ਅਤੇ ਪ੍ਰਦੂਸ਼ਕਾਂ ਨੂੰ ਇਕੱਤਰ ਕਰਦਾ ਤੂਫਾਨ ਦੀਆਂ ਡਰੇਨਾਂ ਵਿੱਚ ਵਹਿੰਦਾ ਹੈ।

## ਇਹ ਸਾਡੀ ਨਦੀਆਂ ਵੱਲ ਜਾਂਦਾ ਹੈ

ਤੂਫਾਨੀ ਪਾਣੀ ਸ਼ਹਿਰ ਦੀਆਂ ਸੜਕਾਂ ਦੇ ਨਾਲ-ਨਾਲ ਤੂਫਾਨੀ ਡਰੇਨ ਵਿੱਚ ਹੁੰਦੇ ਹੋਏ ਜਿੱਥੇ ਪਾਣੀ ਦੇ ਵੱਡੇ ਭੂਮੀਗਤ ਪਾਈਪ ਇਸਨੂੰ ਨਾਲ ਤੂਫਾਨੀ ਤਲਾਬ ਵਿੱਚ ਲੈ ਜਾਂਦੇ ਹਨ। ਤੂਫਾਨ ਦੇ ਤਲਾਬ ਨੂੰ ਟਰੀਟਮੈਂਟ ਪ੍ਰਦਾਨ ਕਰਨ ਦੇ ਬਿਨਾਂ, ਇਹ ਪਾਣੀ ਸਾਡੀਆਂ ਨਦੀਆਂ ਵਿੱਚ ਬਿਨਾਂ ਸਾਫ਼ ਕੀਤੇ ਚਲਾ ਜਾਵੇਗਾ।

## ਤੂਫਾਨੀ ਤਲਾਬ ਸਾਡੇ ਪਾਣੀ ਦੇ ਸਰੋਤਾਂ ਦੀ ਰੱਖਿਆ ਕਰਦੇ ਹਨ

ਤੁਹਾਡੇ ਸਮੁਦਾਏ ਵਿੱਚ, ਭੂਮੀਗਤ ਪਾਈਪਾਂ ਤੂਫਾਨੀ ਪਾਣੀ ਨੂੰ ਤੂਫਾਨੀ ਤਲਾਬ ਤਕ ਪਹੁੰਚਾਉਂਦੀਆਂ ਹਨ। ਤੂਫਾਨੀ ਤਲਾਬ ਕੁਦਰਤੀ ਵਾਟਰ ਟਰੀਟਮੈਂਟ ਸਹੂਲਤ ਦੇ ਤੌਰ ਤੇ ਕੰਮ ਕਰਦੇ ਹਨ, ਜਿਸ ਨਾਲ ਵਧੇਰੇ ਤੂਫਾਨੀ ਪਾਣੀ ਨੂੰ ਨਿਯੰਤ੍ਰਿਤ ਕਰਕੇ ਸਮੁਦਾਏ ਨੂੰ ਹੜ੍ਹਾਂ ਤੋਂ ਬਚਾਉਂਦਾ ਹੈ।




## ਇਹ ਇੱਕ ਤੂਫਾਨ ਵਾਲਾ ਤਲਾਬ ਹੈ

ਇੱਕ ਤੂਫਾਨੀ ਤਲਾਬ ਥੋੜ੍ਹੇ ਸਮੇਂ ਲਈ ਤੂਫਾਨੀ ਪਾਣੀ ਨੂੰ ਗ੍ਰਹਿਣ ਕਰਦਾ ਅਤੇ ਰੋਕਦਾ ਹੈ। ਤੂਫਾਨ ਦੇ ਤਲਾਬ ਪਾਣੀ ਦੇ ਵਹਾ ਨੂੰ ਬਹੁਤ ਘੱਟ ਕਰਦੇ ਹਨ, ਜਿਸ ਨਾਲ ਤਲਛਣ ਅਤੇ ਪ੍ਰਦੂਸ਼ਕਾਂ ਦਾ ਨਿਪਟਾਰਾ ਹੋ ਜਾਂਦਾ ਹੈ, ਜੋ ਸਾਡੀਆਂ ਨਦੀਆਂ ਅਤੇ ਨਾਲਿਆਂ ਨੂੰ ਸਾਫ਼ ਪਾਣੀ ਦੇਣ ਵਿੱਚ ਮਦਦ ਕਰਦੇ ਹਨ।




## ਸਿਰਫ ਕੰਮ ਲਈ ਕੋਈ ਖੇਡ ਲਈ ਨਹੀਂ

ਤੂਫਾਨ ਦੇ ਤਲਾਬ ਜ਼ਰੂਰੀ ਕੰਮ ਲਈ ਹਨ। ਉਹ ਸਮੁਦਾਏ ਨੂੰ ਹੜ੍ਹਾਂ ਤੋਂ ਬਚਾਉਂਦੇ ਹਨ ਅਤੇ ਤੂਫਾਨੀ ਪਾਣੀ ਨੂੰ ਸਾਫ ਕਰਦੇ ਹਨ। ਤੇਜ਼ੀ ਨਾਲ ਬਦਲਦੇ ਹੋਏ ਪਾਣੀ ਦੇ ਪੱਧਰ ਅਤੇ ਪਾਣੀ ਦੀ ਖਰਾਬ ਗੁਣਵੱਤਾ ਦੇ ਕਾਰਨ, ਤੂਫਾਨ ਦੇ ਤਲਾਬ ਮਨੋਰੰਜਨ ਦੇ ਉਦੇਸ਼ਾਂ ਲਈ ਨਹੀਂ ਹਨ।

**ਪਾਣੀ ਤੋਂ ਦੂਰ ਰਹੋ।**
ਪਾਣੀ ਨਾਲ ਕਿਸੇ ਵੀ ਕਿਸਮ ਦਾ ਸੰਪਰਕ (ਤੈਰਾਕੀ, ਪਾਣੀ ਵਿੱਚ ਚਲਣਾ, ਬੋਟਿੰਗ) ਖ਼ਤਰਨਾਕ ਹੈ ਅਤੇ ਇਸਦੀ ਸਖ਼ਤ ਮਨਾਹੀ ਹੈ।

**ਆਪਣੇ ਪਾਲਤੂ ਜਾਨਵਰਾਂ ਨੂੰ ਪਾਣੀ ਤੋਂ ਦੂਰ ਰੱਖੋ।**
ਆਪਣੇ ਜਾਨਵਰਾਂ ਨੂੰ ਉਨ੍ਹਾਂ ਦੀ ਸਿਹਤ ਅਤੇ ਸੁਰੱਖਿਆ ਲਈ ਤੂਫਾਨੀ ਤਲਾਬਾਂ ਤੋਂ ਦੂਰ ਰੱਖੋ।

**ਸਰਦੀਆਂ ਵਿੱਚ ਬਰਫ਼ ਤੋਂ ਦੂਰ ਰਹੋ।**
ਤਲਾਬ ਵਿੱਚ ਸੜਕ ਦੇ ਲੂਣ ਦੇ ਜਾਣ ਨਾਲ ਬਰਫ਼ ਪਤਲੀ ਅਤੇ ਕਮਜ਼ੋਰ ਹੋ ਜਾਂਦੀ ਹੈ। ਪਾਣੀ ਦੇ ਪੱਧਰ ਅਤੇ ਵਹਾ ਤੇਜ਼ੀ ਨਾਲ ਬਦਲਦੇ ਹਨ ਜਿਸ ਨਾਲ ਸਕੇਟਿੰਗ ਜਾਂ ਹੋਰ ਗਤੀਵਿਧੀਆਂ ਬਹੁਤ ਖ਼ਤਰਨਾਕ ਹੋ ਜਾਂਦੀਆਂ ਹਨ।

**ਤੂਫਾਨੀ ਤਲਾਬ ਵਿੱਚ ਗੰਦ ਨਾ ਪਾਓ ਜਾਂ ਮੱਛੀਆਂ ਨਾ ਫੜੋ।**
ਤੂਫਾਨੀ ਤਲਾਬ ਵਿੱਚ ਮੱਛੀਆਂ ਜਾਂ ਗੰਦ ਪਾਉਣਾ ਗੈਰ-ਕਾਨੂੰਨੀ ਹੈ। ਖਤਰਨਾਕ ਪ੍ਰਜਾਤੀਆਂ ਬਾਰੇ ਹੋਰ ਜਾਣਨ ਲਈ, ਉਹਨਾਂ ਦੇ ਨੁਕਸਾਨ ਅਤੇ ਸਬੰਧਤ ਜੁਰਮਾਨੇ ਲਈ **aep.alberta.ca/fish-wildlife/invasive-species** ਤੇ ਜਾਓ।

**ਤੂਫਾਨੀ ਤਲਾਬ ਵਿੱਚ ਕੂੜਾ ਨਾ ਸੁੱਟੋ।**
ਕੂੜਾ-ਕਰਕਟ ਅਤੇ ਪਾਲਤੂ ਜਾਨਵਰਾਂ ਦੇ ਕੂੜਾ-ਕਰਕਟ ਨੂੰ ਪ੍ਰਦਾਨ ਕੀਤੇ ਭਾਂਡੇ ਵਿੱਚ ਰੱਖੋ ਜਾਂ ਇਸਨੂੰ ਲੈਂਡਫਿਲ ਵਿੱਚ ਸੁੱਟੋ।